28 Oct-RPR-5-8-New.qxd 10/29/2025 12:26 AM Page 1

ਜ਼ਿਲ੍ਹਾ ਪ੍ਰਸ਼ਾਸਨ ਵਲੋਂ ਈਕੋ ਧਾਮ ਫਾਰਮ ਵਿਖੇ ਢਾਹੇ ਫਾਰਮ ਹਾਊਸਾਂ ਦੀਆਂ ਤਸਵੀਰਾਂ। ਤਸਵੀਰਾਂ: ਅੰਮ੍ਰਿਤਪਾਲ ਸਿੰਘ ਬੰਟੀ

ਬਰਦਾਰ ਵਿਖੇ ਈਕੋ ਧਾਮ ਫਾਰਮ 'ਚ ਬਣਾਏ ਫਾਰਮ ਹਾਊਸਾਂ 'ਤੇ ਵਿਭਾਗ ਨੇ ਚਲਾਇਆ ਪੀਲਾ ਪੰਜਾ

ਪੁਰਖਾਲੀ, 28 ਅਕਤੂਬਰ (ਅੰਮ੍ਰਿਤਪਾਲ ਸਿੰਘ ਬੰਟੀ)-ਜ਼ਿਲ੍ਹਾ ਪ੍ਰਸ਼ਾਸ਼ਨ ਰੂਪਨਗਰ ਵਲੋਂ ਵੱਡੀ ਕਾਰਵਾਈ ਕਰਦਿਆਂ ਬਰਦਾਰ ਵਿਖੇ ਈਕੋ ਧਾਮ ਫਾਰਮ 'ਚ ਬਣਾਏ ਫਾਰਮ ਹਾਊਸਾਂ ਤੇ ਪੀਲਾ ਪੰਜਾ ਚਲਾਇਆ ਗਿਆ ਅਤੇ ਫਾਰਮ ਹਾਊਸਾਂ ਨੂੰ ਜੇ.ਸੀ.ਬੀ. ਨਾਲ ਢਾਹਿਆ ਗਿਆ। ਡਿਊਟੀ ਮਜਿਸਟਰੇਟ ਨਾਇਬ ਤਹਿਸੀਲਦਾਰ ਰੂਪਨਗਰ, ਜ਼ਿਲ੍ਹਾ ਟਾਊਨ ਪਲਾਨਰ ਰੂਪਨਗਰ, ਅਸਿਸਟੈਂਟ ਟਾਊਨ ਪਲਾਨਰ ਰੂਪਨਗਰ, ਡੀ.ਐੱਸ.ਪੀ. (ਡੀ) ਜਤਿੰਦਰ ਸਿੰਘ ਚੌਹਾਨ, ਐੱਸ.ਐੱਚ.ਓ. ਥਾਣਾ ਸਦਰ ਰੂਪਨਗਰ ਸੰਨੀ ਖੰਨਾ, ਐਸ.ਐਚ.ਓ. ਨੂਰਪੁਰ ਬੇਦੀ ਰੋਹਿਤ ਸ਼ਰਮਾ, ਐੱਸ.ਐੱਚ.ਓ. ਸ੍ਰੀ ਕੀਰਤਪੁਰ ਸਾਹਿਬ ਜਤਿਨ ਕਪੂਰ ਦੀ ਅਗਵਾਈ ਹੇਠ ਪੁਲਿਸ ਅਧਿਕਾਰੀਆਂ ਅਤੇ ਵੱਡੀ ਗਿਣਤੀ 'ਚ ਪੁਲਿਸ ਮੁਲਾਜਮਾਂ ਨਾਲ ਸਾਰੀ ਟੀਮ ਜੇ. ਸੀ.ਬੀ. ਮਸ਼ੀਨ ਲੈ ਕੇ ਈਕੋ ਧਾਮ ਫਾਰਮ ਦੇ ਗੇਟ ਅੱਗੇ ਪੁੱਜ ਗਈ। ਪਿੰਡ ਵਾਸੀਆਂ ਨੇ ਇਸ ਮੌਕੇ ਪ੍ਰਸ਼ਾਸ਼ਨ ਦੇ ਇਸ ਫੈਸਲੇ ਦਾ ਵਿਰੋਧ ਕੀਤਾ ਅਤੇ ਪ੍ਰਸ਼ਾਸਨ ਦੇ ਫੈਸਲੇ ਦੇ ਰੋਸ ਵਜੋਂ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪਿੰਡ ਵਾਸੀਆਂ ਨੇ ਪ੍ਰਸ਼ਾਸਨ ਦੀ ਇਸ ਕਾਰਵਾਈ ਨੂੰ ਇਕ ਪਾਸੜ ਕਾਰਵਾਈ ਦੱਸਿਆ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਕੇਵਲ ਇਕ ਮਾਲਕ ਖ਼ਿਲਾਫ਼ ਹੀ ਕਿਉਂ ਕੀਤੀ ਜਾ ਰਹੀ ਹੈ, ਜਦ ਕਿ ਇਲਾਕੇ 'ਚ ਹੋਰ ਵੀ ਫਾਰਮ ਅਤੇ ਫਿਲਮ ਸਿਟੀਆਂ ਬਣੀਆਂ ਹੋਈਆਂ ਹਨ, ਪਰ ਪੁਲਿਸ ਮੁਲਾਜਮਾਂ ਨੇ ਵਿਰੋਧ ਕਰ ਰਹੇ ਲੋਕਾਂ ਨੂੰ ਆਪਣਾ ਬਲ ਵਰਤ ਕੇ ਇਧਰ-ਉਧਰ ਕਰ ਦਿੱਤਾ ਅਤੇ ਜੇ. ਸੀ. ਬੀ. ਮਸ਼ੀਨ ਨਾਲ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਦੌਰਾਨ ਜ਼ਿਲ੍ਹਾ ਟਾਊਨ ਪਲਾਨਰ ਰੂਪਨਗਰ, ਅਸਿਸਟੈਂਟ ਟਾਊਨ ਪਲਾਨਰ ਰੂਪਨਗਰ ਦੀ

ਫਾਰਮ ਹਾਊਸ ਢਾਹੁਣ ਗਈ ਟੀਮ ਨੂੰ ਕਰਨਾ ਪਿਆ ਲੋਕਾਂ ਦੇ ਵਿਰੋਧ ਦਾ ਸਾਹਮਣਾ

ਅਗਵਾਈ ਹੇਠ ਗੇਟ ਨਾਲ ਬਣੀ ਇਮਾਰਤ ਅਤੇ ਕਈ ਹੋਰ ਲੱਕੜ ਦੇ ਬਣਾਏ ਫਾਰਮ ਹਾਊਸਾਂ ਨੂੰ ਢਾਹ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਟਾਊਨ ਪਲਾਨਰ ਰੂਪਨਗਰ ਅਤੇ ਅਸਿਸਟੈਂਟ ਟਾਊਨ ਪਲਾਨਰ ਰੂਪਨਗਰ ਨੇ ਦੱਸੀਆ ਕਿ ਈਕੋ ਧਾਮ ਫਾਰਮ ਦੇ ਮਾਲਕਾਂ ਨੂੰ ਕਈ ਵਾਰ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ, ਪਰ ਇਨ੍ਹਾਂ ਵਲੋਂ ਸਰਕਾਰ ਦੇ ਨਿਯਮਾਂ ਦੀ ਕੋਈ ਪਾਲਣਾ ਨਹੀਂ ਕੀਤੀ ਗਈ ਅਤੇ ਨਾ ਹੀ ਟਾਊਨ ਪਲਾਨਰ ਤੋਂ ਕੋਈ ਮਨਜੂਰੀ ਹੀ ਲਈ ਗਈ, ਜਿਸ ਨੂੰ ਲੈ ਕੇ ਪ੍ਰਸ਼ਾਸਨ ਵਲੋਂ ਨਿਯਮਾਂ ਤੋਂ ਉਲਟ ਬਣੇ ਇਨ੍ਹਾਂ ਫਾਰਮਾਂ ਨੂੰ ਢਾਹੁਣ ਦੇ ਹੁਕਮ ਦਿੱਤੇ ਗਏ, ਜਿਸ ਦੀ ਪਾਲਣਾ ਕਰਦਿਆਂ ਅੱਜ ਇਹ ਫਾਰਮ ਢਾਹੇ ਗਏ। ਇਸ ਮੌਕੇ ਫਰਮ ਦੇ ਮਾਲਕ ਦੀ ਪਤਨੀ ਸੀਮਾ ਗਿੱਲ ਅਤੇ ਉਨ੍ਹਾਂ ਦੇ ਹੋਰ ਸਬੰਧੀਆਂ ਨੇ ਕਿਹਾ ਕਿ ਪ੍ਰਸ਼ਾਸਨ ਨੇ ਇਹ ਕਾਰਵਾਈ ਕੇਵਲ ਇੱਕ ਨਿੱਜੀ ਰੰਜਿਸ਼ ਦੇ ਤਹਿਤ ਕੀਤੀ ਗਈ ਹੈ ਉਨ੍ਹਾਂ ਕਿਹਾ ਕਿ ਪ੍ਰਸ਼ਾਸ਼ਨ ਨੇ ਜੋ ਉਨ੍ਹਾਂ ਦੀ ਇਮਾਰਤ ਢਹਿ ਢੇਰੀ ਕੀਤੀ ਗਈ ਹੈ, ਉਹ ਤਕਰੀਬਨ ਇੱਥੇ 25-30 ਸਾਲ ਪਹਿਲਾਂ ਆਪਣੇ ਰਹਿਣ ਲਈ ਬਣਾਈ ਗਈ ਸੀ, ਜੋ ਕਿ ਡੀ ਲਿਸਟ ਨੰਬਰ 'ਚ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਹੋਰ ਫਾਰਮ ਹਾਊਸਾਂ ਦੇ ਮਾਲਕਾਂ ਖ਼ਿਲਾਫ਼ ਕਿਉਂ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਸਾਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਅਤੇ ਸਾਡੇ ਨਾਲ ਪਤਾ ਨਹੀਂ ਕਿਹੜੀ ਨਿੱਜੀ ਰੰਜਿਸ਼ ਕੱਢਣ ਲਈ ਇਹ ਕਾਰਵਾਈ ਕੀਤੀ ਗਈ ਹੈ। ਇਸ ਮੌਕੇ ਜ਼ਿਲ੍ਹਾ ਟਾਊਨ ਪਲਾਨਰ ਨੇ ਕਿਹਾ ਕਿ ਇਲਾਕੇ ਅੰਦਰ ਬਣੇ ਸਾਰੇ ਫਾਰਮ ਹਾਊਸਾਂ ਦੇ ਮਾਲਕਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਨਿਯਮਾਂ ਦੀ ਪਾਲਣਾ ਕਰਨ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਰ ਅੱਜ ਸਾਨੂੰ ਇਸੇ ਫਾਰਮ ਹਾਊਸ ਨੂੰ ਢਾਹੁਣ ਦੇ ਹੁਕਮ ਜਾਰੀ ਹੋਏ ਸਨ।

ਬਰਦਾਰ ਖੇਤਰ 'ਚ ਦਹਾਕਿਆਂ ਤੋਂ ਚੱਲ ਰਹੀਆਂ ਨਾਜਾਇਜ਼ ਉਸਾਰੀਆਂ ਲਈ ਜ਼ਿੰਮੇਵਾਰ ਕੌਣ ?

ਰੂਪਨਗਰ, 28 ਅਕਤੂਬਰ (ਸਤਨਾਮ ਸਿੰਘ ਸੱਤੀ)-ਲਗਪਗ ਡੇਢ ਦਹਾਕੇ ਤੋਂ ਪਰਖਾਲੀ ਖੇਤਰ ਵਿਚ ਇਕ ਨਿੱਜੀ ਫਰਮ ਵਲੋਂ ਕੀਤੀਆਂ ਗਈਆਂ ਨਾਜਾਇਜ਼ ਉਸਾਰੀਆਂ ਦਾ ਮਾਮਲਾ ਮੀਡੀਆ ਰਿਪੋਰਟਾਂ ਤੋਂ ਬਾਅਦ ਤੂਲ ਫੜ ਗਿਆ ਹੈ। ਖ਼ਬਰਾਂ ਸਾਹਮਣੇ ਆਉਣ ਤੋਂ ਬਾਅਦ ਪ੍ਰਸ਼ਾਸਨ ਅਤੇ ਸਬੰਧਿਤ ਮਹਿਕਮੇ ਹਰਕਤ ਵਿਚ ਆ ਗਏ ਹਨ ਅਤੇ ਹੁਣ ਇਸ ਫਰਮ ਖ਼ਿਲਾਫ਼ ਕਾਰਵਾਈ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਇਸ ਮਾਮਲੇ ਨੂੰ ਲੈ ਕੇ ਵੱਖ-ਵੱਖ ਧਿਰਾਂ ਵਲੋਂ ਆਪੋ-ਆਪਣੇ ਤਰੀਕੇ ਨਾਲ ਸਿਹਰਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਾਲਾਂਕਿ ਪ੍ਰਸ਼ਾਸਨ ਦੇ ਇੱਕ ਉੱਚ ਅਧਿਕਾਰੀ ਦਾ ਨਾਂਅ ਵੀ ਇਸ ਮਾਮਲੇ ਚ ਜੁੜਨ ਦੇ ਚਰਚੇ ਹਨ, ਜਿਸ ਦੀ ਚਲਾਕੀ ਨਾਲ ਰਜਿਸਟਰੀਆਂ ਦਾ ਸਿਲਸਿਲਾ ਸ਼ੁਰੂ ਹੋਇਆ ਸੀ, ਪਰ ਇਸ ਬਾਰੇ ਚੁੱਪ ਛਾਈ ਹੋਈ ਹੈ। ਹੁਣ ਜ਼ਿਲ੍ਹਾ ਟਾਊਨ ਪਲਾਨਰ ਨੇ ਦਾਅਵਾ ਕੀਤਾ ਹੈ ਕਿ ਮੁੱਦੇ ਦੀ ਜੜ੍ਹ 2004-2005 ਦੀ ਹੈ, ਜਦੋਂ ਦਿਆਲ ਕ੍ਰਿਸ਼ਨ ਗਿੱਲ ਵੱਲੋਂ ਪਿੰਡ ਬਰਦਾਰ ਵਿਚ ਜ਼ਮੀਨ ਖਰੀਦ ਕੇ ਗੈਰਕਾਨੂੰਨੀ ਤਰੀਕੇ ਨਾਲ ਹਾਊਸਿੰਗ ਪ੍ਰੋਜੈਕਟ ਤਿਆਰ ਕੀਤਾ ਗਿਆ ਸੀ। ਟਾਊਨ ਪਲੈਨਿੰਗ ਵਿਭਾਗ ਅਨੁਸਾਰ, ਉੱਥੇ 'ਦ ਪੰਜਾਬ ਰੀਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ, 1995' ਅਤੇ 'ਪਾਪਰਾ ਐਕਟ, 1995' ਦੀਆਂ ਕਈ ਧਾਰਾਵਾਂ ਦੀ ਉਲੰਘਣਾ ਹੋ ਰਹੀ ਸੀ। ਵਿਭਾਗ ਵਲੋਂ ਕਈ ਵਾਰ ਕਾਰਨ-ਦੱਸੋ ਤੇ ਡੈਮੋਲੇਸ਼ਨ ਨੋਟਿਸ ਜਾਰੀ ਕੀਤੇ ਗਏ, ਪਰ ਉਸਾਰੀ ਹਟਾਈ ਨਹੀਂ ਗਈ। 2023 ਤੋਂ 2025 ਤੱਕ ਲਗਾਤਾਰ ਚੇਤਾਵਨੀਆਂ ਦੇ ਬਾਵਜੂਦ ਨਿਰਮਾਣ ਜਾਰੀ ਰਿਹਾ, ਹਲਾਂਕਿ ਇਸਨੂੰ ਰੋਕਣਾ ਵਿਭਾਗ ਤੇ ਪੁਲਿਸ ਦਾ ਕੰਮ ਸੀ, ਪਰ ਅੱਜ ਟਾਊਨ ਪਲੈਨਿੰਗ ਵਿਭਾਗ ਨੇ ਵੱਡੀ ਕਾਰਵਾਈ ਕਰਦਿਆਂ ਸ੍ਰੀ ਈਕੋ ਧਾਮ ਫਾਰਮ ਹਾਊਸਜ਼ ਦੇ ਗੈਰਕਾਨੂੰਨੀ ਢਾਂਚਿਆਂ ਨੂੰ ਢਾਹ ਦਿੱਤਾ ਅਤੇ ਮਾਲਿਕ ਦਿਆਲ ਕ੍ਰਿਸ਼ਨ ਗਿੱਲ ਵਿਰੁੱਧ ਮਾਮਲਾ ਦਰਜ ਕੀਤਾ ਹੈ। ਵਿਭਾਗ ਅਨੁਸਾਰ, ਇਹ ਮੁਹਿੰਮ ਅੱਗੇ ਵੀ ਜਾਰੀ ਰਹੇਗੀ ਅਤੇ ਜਿਹੜੀਆਂ ਵੀ ਨਾਜਾਇਜ਼ ਉਸਾਰੀਆਂ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਸ੍ਰੀ ਈਕੋ ਧਾਮ ਬਰਦਾਰ ਫਾਰਮ ਹਾਊਸ ਦੇ ਮਾਲਕ ਦਿਆਲ ਕ੍ਰਿਸ਼ਨ ਗਿੱਲ ਵਿਰੁੱਧ ਮਾਮਲਾ ਦਰਜ

ਵਿਧਾਇਕ ਦਿਨੇਸ਼ ਚੱਢਾ ਵਲੋਂ ਕਾਰਵਾਈ ਦੀ ਸ਼ਲਾਘਾ- ਇਸ ਮੌਕੇ ਹਲਕਾ ਰੂਪਨਗਰ ਦੇ ਵਿਧਾਇਕ ਦਿਨੇਸ਼ ਚੱਢਾ ਨੇ ਪ੍ਰਸ਼ਾਸਨ ਦੀ ਇਸ ਕਾਰਵਾਈ ਦੀ ਭਰਵੀਂ ਸ਼ਲਾਘਾ ਕੀਤੀ ਹੈ, ਉਨ੍ਹਾਂ ਕਿਹਾ ਕਿ 'ਪਿਛਲੇ ਦਹਾਕਿਆਂ ਤੋਂ ਚੱਲ ਰਹੀਆਂ ਇਨ੍ਹਾਂ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਨੱਥ ਪਾਉਣ ਦੀ ਪ੍ਰਕਿਰਿਆ 2022-23 ਵਿਚ ਸ਼ੁਰੂ ਕੀਤੀ ਗਈ ਸੀ, ਜਿਸ ਨੂੰ ਅੱਜ ਪ੍ਰਸ਼ਾਸਨ ਨੇ ਸ਼ਲਾਘਾਯੋਗ ਤਰੀਕੇ ਨਾਲ ਅਮਲ ਵਿਚ ਲਿਆਂਦਾ ਹੈ।'

ਸਾਬਕਾ ਵਿਧਾਇਕ ਸੰਦੋਆ ਵਲੋਂ ਜਾਂਚ ਦੀ ਮੰਗ- ਦੂਜੇ ਪਾਸੇ, ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਸਰਕਾਰ ਅਤੇ ਜੰਗਲਾਤ ਵਿਭਾਗ ਦਾ ਧੰਨਵਾਦ ਕਰਦਿਆਂ ਇਸ ਕਾਰਵਾਈ ਨੂੰ ਕਾਫ਼ੀ ਸਮੇਂ ਤੋਂ ਲੋੜੀਂਦੀ ਦੱਸਿਆ ਹੈ। ਉਨ੍ਹਾਂ ਕਿਹਾ ਕਿ 'ਹੁਣ ਇਹ ਜ਼ਰੂਰੀ ਹੈ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਹੋਵੇ ਤਾਂ ਕਿ ਇਹ ਸਾਫ਼ ਹੋ ਸਕੇ ਕਿ ਕਿਹੜੇ ਅਧਿਕਾਰੀਆਂ ਜਾਂ ਸਿਆਸੀ ਵਿਅਕਤੀਆਂ ਦੀ ਸ਼ਹਿ ਨਾਲ ਇਹ ਗੈਰਕਾਨੂੰਨੀ ਕੰਮ ਹੋ ਰਹੇ ਸਨ। ਬਿਨਾਂ ਸਿਆਸੀ ਸਹਿਯੋਗ ਤੋਂ ਇਹ ਸਭ ਸੰਭਵ ਨਹੀਂ ਸੀ।' ਸੰਦੋਆ ਨੇ ਸਰਕਾਰ ਅਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਕਾਫ਼ੀ ਸਮੇਂ ਤੋਂ ਲੋੜੀਂਦੀ ਸੀ ਕਿਉਂਕਿ ਇਸ ਖੇਤਰ ਦੀ ਜੰਗਲੀ ਜ਼ਮੀਨ ਨੂੰ ਤਬਾਹ ਕਰਕੇ ਰਿਹਾਇਸ਼ੀ ਅਤੇ ਵਪਾਰਕ ਮਕਸਦ ਲਈ ਵਰਤਿਆ ਜਾ ਰਿਹਾ ਸੀ। ਸੰਦੋਆ ਨੇ ਪੰਜਾਬ ਸਰਕਾਰ ਅਤੇ ਜੰਗਲਾਤ ਵਿਭਾਗ ਦਾ ਧੰਨਵਾਦ ਕੀਤਾ ਹੈ ਕਿ ਉਨ੍ਹਾਂ ਨੇ ਸ੍ਰੀ ਈਕੋ ਧਾਮ ਬਰਦਾਰ ਵਿਖੇ ਜੰਗਲ ਜ਼ਮੀਨ ਉੱਤੇ ਕੀਤੀਆਂ ਗਈਆਂ ਨਜਾਇਜ਼ ਉਸਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਹੈ।

ਅੱਠਵਾਂ ਵਾਲੀਬਾਲ ਟੂਰਨਾਮੈਂਟ ਐੱਨ.ਐੱਫ.ਐੱਲ. ਸਟੇਡੀਅਮ ਵਿਖੇ 1 ਤੋਂ

ਨੰਗਲ, 28 ਅਕਤੂਬਰ (ਪ੍ਰੀਤਮ ਸਿੰਘ ਬਰਾਰੀ)-ਸੋਸ਼ਲ ਵੈੱਲਫੇਅਰ ਕਮੇਟੀ ਨਵਾਂ ਨੰਗਲ ਵਲੋਂ ਅੱਠਵਾਂ ਵਾਲੀਵਾਲ ਟੂਰਨਾਮੈਂਟ 01 ਅਤੇ 02 ਨਵੰਬਰ ਨੂੰ ਐੱਨ. ਐੱਫ. ਐੱਲ. ਸਟੇਡੀਅਮ ਨਵਾਂ ਨੰਗਲ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਪ੍ਰਦੀਪ ਕੁਮਾਰ ਉਬੀ, ਜਨਰਲ ਸਕੱਤਰ ਮੂਲ ਰਾਜ ਧੀਮਾਨ ਤੇ ਨਾਮਵਰ ਖੇਡ ਪ੍ਰਮੋਟਰ ਪਵਨ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾਂ ਸਥਾਨ ਪ੍ਰਾਪਤ ਕਰਨ ਵਾਲੀ ਜੇਤੂ ਟੀਮ ਨੂੰ 41 000 ਨਗਦ ਇਨਾਮ ਅਤੇ ਟਰਾਫੀ ਦਿੱਤੀ ਜਾਵੇਗੀ, ਜਦੋਂ ਕਿ ਦੂਜੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 21000 ਰੁਪਏ ਦਾ ਇਨਾਮ ਅਤੇ ਟਰਾਫੀ ਦਿੱਤੀ ਜਾਵੇਗੀ। ਟੂਰਨਾਮੈਂਟ ਦੇ ਉਕਤ ਪ੍ਰਬੰਧਕਾਂ ਨੇ ਕਿਹਾ ਕਿ ਅਜੋਕੀ ਨੌਜਵਾਨ ਪੀੜੀ ਨੂੰ ਨਸ਼ਿਆਂ ਦੇ ਵਗ ਰਹੇ ਦਰਿਆ ਅਤੇ ਹੋਰ ਮਾੜੀਆਂ ਅਲਾਮਤਾਂ ਤੋਂ ਦੂਰ ਰੱਖ ਕੇ ਖੇਡਾਂ ਵੱਲ ਨੂੰ ਉਤਸਾਹਿਤ ਕਰਨਾ ਹੀ ਇਸ ਸਲਾਨਾ ਟੂਰਨਾਮੈਂਟ ਦਾ ਮੁੱਖ ਮਕਸਦ ਹੈ। ਉਨ੍ਹਾਂ ਮਾਪਿਆਂ ਨੂੰ ਅਪੀਲ ਕਰਦਿਆਂ ਆਖਿਆ ਕਿ ਆਪਣੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੱਲ ਜ਼ਰੂਰ ਪ੍ਰੇਰਿਤ ਕਰਨ।

ਚੋਰੀਆਂ ਦਾ ਸੁਰਾਗ ਨਾ ਲੱਗਣ 'ਤੇ ਬਸਾਲੀ ਨਿਵਾਸੀ ਰੋਸ ਜਤਾਉਂਦੇ ਹੋਏ। ਤਸਵੀਰ:ਰਾਜੇਸ਼ ਚੌਧਰੀ

ਬਸਾਲੀ ਵਿਖੇ ਹੋਈਆਂ ਚੋਰੀਆਂ ਦਾ 10 ਦਿਨ ਬਾਅਦ ਵੀ ਨਹੀਂ ਲੱਗਿਆ ਸੁਰਾਗ, ਪਿੰਡ ਵਾਸੀਆਂ ਨੇ ਜਤਾਇਆ ਰੋਸ

ਨੂਰਪੁਰ ਬੇਦੀ, 28 ਅਕਤੂਬਰ (ਰਾਜੇਸ਼ ਚੌਧਰੀ ਤਖਤਗੜ੍ਹ)- ਦੀਵਾਲੀ ਤੋਂ ਪਹਿਲਾਂ ਪਿੰਡ ਬਸਾਲੀ ਵਿਖੇ ਛੇ ਘਰਾਂ ਵਿੱਚ ਹੋਈਆਂ ਚੋਰੀਆਂ ਦਾ ਹਾਲੇ ਤੱਕ ਕੋਈ ਸੁਰਾਗ ਨਹੀਂ ਲੱਗਿਆ, ਜਿਸ ਦੇ ਚਲਦਿਆਂ ਗ੍ਰਾਮ ਪੰਚਾਇਤ, ਪੀੜਿਤ ਵਿਅਕਤੀਆਂ ਅਤੇ ਪਿੰਡ ਵਾਸੀਆਂ ਨੇ ਰੋਸ ਜਾਹਿਰ ਕੀਤਾ ਹੈ। ਪਿੰਡ ਦੀ ਸਰਪੰਚ ਅੰਜਨਾ ਕੁਮਾਰੀ, ਮਿੰਟੂ ਰਾਣਾ, ਮਨੀ ਰਾਣਾ, ਐਡ. ਗਗਨਦੀਪ ਸ਼ਰਮਾ, ਡਾ. ਸਤਪਾਲ, ਓਂਕਾਰ ਸਿੰਘ, ਅਸ਼ੋਕ ਕੁਮਾਰ, ਹਰਮੇਸ਼ ਕੁਮਾਰ, ਜੋਨੀ ਰਾਣਾ, ਮਾਸਟਰ ਨੱਥੂ ਰਾਮ ਨੇ ਰੋਸ ਜਤਾਉਂਦਿਆਂ ਦੱਸਿਆ ਕਿ ਚੋਰੀਆਂ ਹੋਈਆਂ ਨੂੰ ਲਗਭਗ 10 ਦਿਨ ਦਾ ਸਮਾਂ ਹੋ ਗਿਆ ਹੈ, ਪਰ ਹਾਲੇ ਤੱਕ ਪੁਲਿਸ ਇੱਕ ਵੀ ਚੋਰੀ ਦਾ ਸੁਰਾਗ ਲਗਾਉਣ ਵਿੱਚ ਅਸਫਲ ਰਹੀ ਹੈ। ਉਨਾਂ ਦੱਸਿਆ ਕਿ ਇਹਨਾਂ ਚੋਰੀਆਂ ਸਬੰਧੀ ਸੰਬੰਧਿਤ ਪਰਿਵਾਰਾਂ ਨੂੰ ਉਸ ਸਮੇਂ ਪਤਾ ਲੱਗਿਆ ਜਦੋਂ ਉਹ ਦੀਵਾਲੀ ਮੌਕੇ ਘਰਾਂ ਚ ਪੂਜਾ ਕਰਨ ਲਈ ਪਹੁੰਚੇ ਸਨ। ਜਿਸ ਤੋਂ ਬਾਅਦ ਸਥਾਨਕ ਪੁਲਿਸ ਥਾਣੇ ਵਿੱਚ ਇਸ ਸਬੰਧੀ ਸੂਚਨਾ ਪੀੜਿਤ ਪਰਿਵਾਰਾਂ ਵਲੋਂ ਦਿੱਤੀ ਗਈ ਹੈ। ਇਸ ਦੌਰਾਨ ਚੋਰਾਂ ਨੇ ਉਨਾਂ ਘਰਾਂ ਨੂੰ ਨਿਸ਼ਾਨਾ ਬਣਾਇਆ ਜਿਨਾਂ ਘਰਾਂ ਦੇ ਪਰਿਵਾਰਿਕ ਮੈਂਬਰ ਜਾਂ ਤਾਂ ਘਰ ਛੱਡ ਕੇ ਹੋਰ ਕਿਤੇ ਰਹਿੰਦੇ ਹਨ ਜਾਂ ਕਿਤੇ ਕੰਮਕਾਰ ਲਈ ਗਏ ਹੋਏ ਸਨ। ਚੋਰਾਂ ਵਲੋਂ ਇੱਕ ਹੀ ਰਾਤ ਵਿੱਚ ਛੇ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਪੀੜਿਤ ਪਰਿਵਾਰਾਂ ਵਿੱਚ ਕ੍ਰਿਸ਼ਨ ਗੋਪਾਲ, ਰਮੇਸ਼ ਕੁਮਾਰੀ, ਨਿਰਪਾਲ ਸਿੰਘ ਰਾਣਾ, ਕਮਲ ਚੰਦ, ਵਿਸ਼ਾਲ ਕੁਮਾਰ ਅਤੇ ਸੰਜੀਵ ਕੁਮਾਰ ਸ਼ਾਮਿਲ ਹਨ। ਇਸ ਦੌਰਾਨ ਚੋਰਾਂ ਵਲੋਂ ਕਰੀਬ ਚਾਰ ਲੱਖ ਰੁਪਏ ਮੁੱਲ ਦਾ ਘਰੇਲੂ ਤੇ ਵਿਆਹ ਲਈ ਤਿਆਰ ਕੀਤਾ ਸਮਾਨ ਚੋਰੀ ਕਰ ਲਿਆ ਗਿਆ। ਚੋਰੀ ਹੋਏ ਸਮਾਨ ਵਿੱਚ ਪੁਰਾਤਨ ਪਿੱਤਲ ਤੇ ਤਾਂਬੇ ਦੇ ਭਾਂਡੇ, ਗੈਸ ਚੁੱਲ੍ਹੇ, ਇਨਵਰਟਰ, ਟੂਟੀਆਂ ਤੇ ਦਾਜ ਦਾ ਸਮਾਨ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਗ੍ਰਾਮ ਪੰਚਾਇਤ ਬਸਾਲੀ ਵਲੋਂ ਵੀ ਪੁਲਿਸ ਨੂੰ ਸਮੂਹਿਕ ਦਰਖ਼ਾਸਤ ਦਿੱਤੀ ਗਈ ਸੀ, ਪਰ ਕਈ ਦਿਨ ਬੀਤ ਜਾਣ ਦੇ ਬਾਵਜੂਦ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਹੋਣ 'ਤੇ ਪਿੰਡ ਵਾਸੀਆਂ ਨੇ ਤਿੱਖਾ ਰੋਸ ਪ੍ਰਗਟ ਕੀਤਾ। ਇਸ ਮੌਕੇ ਨਰੋਤਮ ਰਾਣਾ, ਕੁਸ਼ਲ ਕੁਮਾਰ, ਯੋਗਰਾਜ ਸ਼ਰਮਾ, ਧਰਮਪਾਲ, ਜਸਵਿੰਦਰ ਸਿੰਘ ਰਾਣਾ, ਸਤਪਾਲ, ਭੁਪਿੰਦਰ ਸਿੰਘ ਭੁੱਪੀ ਸਮੇਤ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਨੇ ਕਿਹਾ ਕਿ ਇੱਕੋ ਰਾਤ ਵਿਚ ਹੋਈਆਂ ਛੇ ਚੋਰੀਆਂ ਕਾਰਨ ਪਿੰਡ ਦੇ ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪਿੰਡਾਂ ਵਿੱਚ ਗਸ਼ਤ ਵਧਾਈ ਜਾਵੇ